International Journal of Humanities Social Science and Management (IJHSSM)
Volume 3, Issue 5, Sep.-Oct., 2023, pp: 155-161 www.ijhssm.org

# Gadhri Shaheed Bhai Mewa Singh Di Shadat: Ik Adiyan

Dr. Sandeep Kaur Brar

Date of Submission: 24-08-2023 Date of Acceptance: 06-09-2023

## ਗ਼ਦਰੀ ਆਗੂ ਭਾਈ ਮੇਵਾ ਸਿੰਘ ਦੀ ਸ਼ਹਾਦਤ: ਇਕ ਅਧਿਐਨ

ਸੰਸਾਰ ਦਾ ਇਤਿਹਾਸ ਅਨੇਕਾਂ ਲਹਿਰਾਂ, ਇਨਕਲਾਬਾਂ, ਵਿਦਰੋਹਾਂ ਅਤੇ ਬਗ਼ਾਵਤਾਂ ਨਾਲ ਲਬਰੇਜ਼ ਹੈ, ਜਿਨ੍ਹਾਂ ਦਾ ਆਰੰਭ ਸਮੇਂ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਅਤਿਅੰਤ ਜ਼ਰੂਰੀ ਹੋ ਗਿਆ ਸੀ। ਬੇਸ਼ੱਕ ਇਨ੍ਹਾਂ ਦਾ ਪ੍ਰਭਾਵ ਸਦੀਵੀ ਨਹੀਂ ਰਿਹਾ ਕਿਉਂਕਿ ਸਮੇਂ ਦੀਆਂ ਹਕੂਮਤਾਂ ਦੁਆਰਾ ਇਨ੍ਹਾਂ ਨੂੰ ਕੁਝ ਅਰਸੇ ਬਾਅਦ ਦਬਾਅ ਦਿੱਤਾ ਗਿਆ ਸੀ ਪਰੰਤੂ ਇਸ ਦੇ ਬਾਵਜੂਦ ਵੀ ਇਹ ਲੋਕਾਂ ਉੱਪਰ ਆਪਣੀ ਅਮਿੱਟ ਛਾਪ ਛੱਡਣ ਵਿੱਚ ਕਾਮਯਾਬ ਰਹੀਆਂ। ਇਤਿਹਾਸ ਨੂੰ ਵਾਚਿਆਂ ਇਹ ਸਹਿਜੇ ਹੀ ਪਤਾ ਲੱਗਦਾ ਹੈ ਕਿ ਵੱਖ-ਵੱਖ ਸਮਿਆਂ ਉੱਪਰ ਪੈਦਾ ਹੋਈਆਂ ਲਹਿਰਾਂ ਦਾ ਮੁੱਖ ਉਦੇਸ਼ ਅਪਣੀ ਹੋਂਦ ਨੂੰ ਸੰਸਾਰ ਵਿੱਚ ਕਾਇਮ ਰੱਖਣਾ ਸੀ ਜਿਸ ਨੂੰ ਕਿ ਸਮੇਂ ਦੀਆਂ ਹਕੂਮਤਾਂ ਦੁਆਰਾ ਆਪਣੇ ਪ੍ਰਭਾਵ ਅਧੀਨ ਦਬਾਉਣ ਦੀ ਪੁਰਜ਼ੋਰ ਕੋਸ਼ਿਸ਼ ਕੀਤੀ ਜਾਂਦੀ ਰਹੀ ਸੀ। ਸਮੇਂ ਦੀ ਮੰਗ ਅਨੁਸਾਰ ਅਨੇਕਾਂ ਜੁਝਾਰੂਆਂ ਨੇ ਆਪਣੇ ਜੀਵਨ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਸ਼ਹਾਦਤ-ਏ-ਜਾਮ ਨੂੰ ਪ੍ਰਮੁੱਖ਼ਤਾ ਦਿੱਤੀ ਅਤੇ ਹਮੇਸ਼ਾ ਲਈ ਆਪਣੀ ਹਸਤੀ ਨੂੰ ਆਮ ਲੋਕਾਂ ਦੇ ਚੇਤਿਆਂ ਵਿੱਚ ਜਿਉਂਦਾ ਰੱਖਣ ਵਿਚ ਕਾਮਯਾਬ ਹੋਏ। ਵੱਖ-ਵੱਖ ਸਮੇਂ ਦੌਰਾਨ ਜੋ ਵੀ ਲਹਿਰਾਂ ਆਰੰਭ ਹੋਈਆਂ, ਉਨ੍ਹਾਂ ਦਾ ਆਸ਼ਾ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਪੱਖ ਤੋਂ ਪੈਦਾ ਹੋਈਆਂ ਸਮੱਸਿਆਵਾਂ ਨੂੰ ਖ਼ਤਮ ਕਰਨਾ ਸੀ। ਇਨ੍ਹਾਂ ਲਹਿਰਾਂ ਦੇ ਆਰੰਭ ਅਤੇ ਕਾਰਜ-ਪ੍ਰਣਾਲੀ ਦੇ ਇਤਿਹਾਸ ਨੂੰ ਵਾਚਿਆਂ ਪਤਾ ਲੱਗਦਾ ਹੈ ਕਿ ਇਨ੍ਹਾਂ ਲਹਿਰਾਂ ਦੇ ਆਗੂਆਂ ਨੂੰ ਆਪਣੇ ਸਮਕਾਲੀ ਸਮੇਂ ਦੀਆਂ ਮਾਰੂ ਨੀਤੀਆਂ, ਸੁਧਾਰਵਾਦੀ ਕਾਰਜ ਕਰਨ ਅਤੇ ਧਰਮ ਦੀ ਨਿਰੋਲਤਾ ਨੂੰ ਕਾਇਮ ਰੱਖਣ ਸਮੇਂ ਕਿਹੋ ਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ।

ਸਿੱਖ ਸੁਧਾਰਕ ਲਹਿਰਾਂ ਦੇ ਉਥਾਨ ਨੇ ਜਿੱਥੇ ਗੁਰਮਤਿ ਵਿਚਾਰਧਾਰਾ, ਸਿੱਖ ਧਰਮ ਦੀ ਵਿਲੱਖਣਤਾ, ਸਿੱਖ ਸਿਧਾਂਤ, ਸਿੱਖ ਇਤਿਹਾਸ ਅਤੇ ਸਿੱਖ ਸੱਭਿਆਚਾਰ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਉੱਥੇ ਹੀ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਇਹਨਾਂ ਲਹਿਰਾਂ ਵਿੱਚੋਂ ਹੀ ਅਨੇਕਾਂ ਅਕਾਦਮਿਕ ਪੱਧਰ ਦੇ ਵਿਦਵਾਨਾਂ ਦਾ ਵੀ ਪ੍ਰਚੱਲਨ ਹੋਇਆ। ਕਿਉਂਕਿ ਪਹਿਲਾਂ ਦੇ ਤਜਰਬੇ ਤੋਂ ਇਨ੍ਹਾਂ ਸੁਧਾਰਕ ਲਹਿਰਾਂ ਦੇ ਆਗੂਆਂ ਨੂੰ ਵੀ ਇਹ ਅੰਦਾਜ਼ਾ ਸਹਿਜੇ ਹੀ ਹੋ ਗਿਆ ਸੀ ਕਿ ਆਪਣੇ ਇਸ ਉਦੇਸ਼ ਨੂੰ ਚਿਰੰਜੀਵੀ ਕਾਇਮ ਰੱਖਣ ਲਈ ਇਨ੍ਹਾਂ ਆਸ਼ਿਆਂ ਨੂੰ ਲਿਖਤੀ ਰੂਪ ਦੇਣਾ ਅਤਿਅੰਤ ਅਵੱਸ਼ਕ ਸੀ। ਇਸ ਤੋਂ ਇਲਾਵਾ ਇਹ ਧਰਮ ਸੁਧਾਰਕ ਲਹਿਰਾਂ ਇੱਕ ਵਿਸ਼ੇਸ਼ ਵਿਧੀ, ਜਿਸ ਨੂੰ ਰੱਖਿਆਤਮਕ ਵਿਧੀ ਕਿਹਾ ਜਾ ਸਕਦਾ ਹੈ, ਨੂੰ ਲੈ ਕੇ ਚੱਲ ਰਹੀਆਂ ਸਨ। ਇਨ੍ਹਾਂ ਵਿੱਚੋਂ ਬਹੁਤੀਆਂ ਲਹਿਰਾਂ ਦੂਸਰੇ ਧਰਮਾਂ ਉੱਪਰ ਕੋਈ ਗ਼ੈਰ ਸੱਭਿਅਕ ਸ਼ਬਦਾਵਲੀ ਵਰਤਣ ਤੋਂ ਗੁਰੇਜ਼ ਕਰਦੀਆਂ ਸਨ ਅਤੇ ਆਪਣੇ ਧਰਮ ਦੇ ਪਾਸਾਰ ਵੱਲ ਵਿਸ਼ੇਸ਼ ਤਵੱਜੋਂ ਦੇ ਕੇ ਆਪਣੇ ਆਸ਼ੇ ਨੂੰ ਪੂਰਿਆਂ ਕਰਨ ਵੱਲ ਹੀ ਆਪਣਾ ਧਿਆਨ ਕੇਂਦਰਿਤ ਕਰ ਰਹੀਆਂ ਸਨ। ਜੇਕਰ ਕਿਤੇ ਕਿਸੇ ਸਿੱਖ ਲਹਿਰ ਦੇ ਪ੍ਰਚਾਰਕਾਂ ਦੁਆਰਾ ਕਿਸੇ ਪ੍ਰਕਾਰ ਦੀ ਧਰਮ ਨੂੰ ਮੁੱਖ ਰੱਖ ਕੇ ਕੋਈ ਜਵਾਬਦੇਹੀ ਕੀਤੀ ਵੀ ਗਈ ਸੀ ਤਾਂ ਉਹ ਕੇਵਲ ਉਦੋਂ ਹੀ ਪ੍ਰਤੀਕਰਮ ਰੂਪ ਵਿੱਚ ਕੀਤੀ ਗਈ ਜਦੋਂ ਕਿਸੇ ਵਿਰੋਧੀ ਦੁਆਰਾ ਸਿੱਖ ਧਰਮ ਪ੍ਰਤੀ ਕਿਸੇ ਪ੍ਰਕਾਰ ਦੀ ਅਗਿਆਨਤਾ ਦਾ ਪਾਸਾਰ ਕਰਨ ਦਾ ਯਤਨ ਕੀਤਾ ਗਿਆ ਸੀ।

ਗ਼ਦਰ ਪਾਰਟੀ ਦੀ ਸਥਾਪਨਾ ਦਾ ਸਮਾਂ 21 ਅਪ੍ਰੈਲ, 1913 ਈ. ਦਾ ਮੰਨਿਆ ਜਾਂਦਾ ਹੈ। ਇਸ ਪਾਰਟੀ ਨੂੰ ਆਸਟਰੀਆ ਵਿੱਚ ਲਗਭਗ 20 ਮੈਂਬਰਾਂ ਦੁਆਰਾ ਸਥਾਪਿਤ ਕੀਤੀ ਗਿਆ ਸੀ। ਇਸ ਪਾਰਟੀ ਦੇ ਪ੍ਰਧਾਨ ਵਜੋਂ ਸਰਦਾਰ ਸੋਹਣ ਸਿੰਘ ਭਕਨਾ, ਉੱਪ-ਪ੍ਰਧਾਨ ਭਾਈ ਕੇਸਰ ਸਿੰਘ ਅਤੇ ਜਨਰਲ ਸਕੱਤਰ ਲਾਲਾ ਹਰਦਿਆਲ ਸਿੰਘ ਨੂੰ ਚੁਣਿਆ ਗਿਆ।[1] ਇਸ ਪਾਰਟੀ ਦਾ ਪ੍ਰਮੁੱਖ ਉਦੇਸ਼ ਭਾਰਤ ਵਿੱਚੋਂ ਬ੍ਰਿਟਿਸ਼ ਰਾਜ ਨੂੰ ਸ਼ਸਤਰ-ਬੱਧ ਇਨਕਲਾਬ ਰਾਹੀਂ ਸਥਾਪਿਤ ਕਰ ਕੇ ਸਮਾਨਤਾ ਅਤੇ ਸੁਤੰਤਰਤਾ ਤੇ ਆਧਾਰਿਤ ਗਣਤੰਤਰ ਨੂੰ ਸਥਾਪਿਤ ਕਰਨਾ ਸੀ। ਆਪਣੇ ਇਨ੍ਹਾਂ ਉਦੇਸ਼ਾਂ ਨੂੰ ਲੈ ਕੇ ਗ਼ਦਰ ਨਾਂ ਦਾ ਪਰਚਾ ਵੀ 1 ਨਵੰਬਰ, 1913 ਈ. ਨੂੰ ਪਾਰਟੀ ਦੇ ਸਨਫ੍ਰਾਂਸਿਸਕੋ ਸਥਿਤ ਮੁੱਖ ਦਫਤਰ ਤੋਂ ਸ਼ੁਰੂ ਕੀਤਾ ਗਿਆ। ਗ਼ਦਰ ਪਾਰਟੀ ਦੁਆਰਾ ਆਪਣੇ ਉਦੇਸ਼ ਨੂੰ ਮੁੱਖ ਰੱਖਦਿਆਂ ਹੋਇਆਂ ਵੱਖ-ਵੱਖ ਮੈਂਬਰਾਂ ਦੀ ਅਗਵਾਈ ਵਿੱਚ ਰਣਨੀਤੀ ਤਿਆਰ ਕਰਦਿਆਂ ਹੋਇਆਂ ਉਨ੍ਹਾਂ ਨੂੰ ਵੱਖਰੇ-ਵੱਖਰੇ ਕਾਰਜ-ਖੇਤਰ ਦਿੱਤੇ ਗਏ। ਪਾਰਟੀ ਦੁਆਰਾ ਯੁਵਕਾਂ ਨੂੰ ਸੈਨਿਕ ਕੋਰਸਾਂ ਵਿੱਚ ਸ਼ਾਮਿਲ ਹੋ ਕੇ ਸੈਨਿਕ ਸਿੱਖਿਆ ਹਾਸਿਲ ਕਰਨ ਅਤੇ ਵੱਖ-ਵੱਖ ਪ੍ਰਕਾਰ ਦਾ ਅਸਲਾ ਤਿਆਰ ਕਰਨ ਦੀ ਟ੍ਰੇਨਿੰਗ ਦਿੱਤੀ ਜਾਣ ਲੱਗ ਪਈ। ਗ਼ਦਰ ਪਾਰਟੀ ਦੁਆਰਾ ਹੌਲੀ-ਹੌਲੀ ਅੰਦੋਲਨ ਨੂੰ ਤੇਜ਼ ਕਰਦਿਆਂ ਹੋਇਆਂ ਬ੍ਰਿਟਿਸ਼ ਸਰਕਾਰ ਵਿਰੁੱਧ ਅਨੇਕਾਂ ਕਾਰਵਾਈਆਂ ਨੂੰ ਅੰਜ਼ਾਮ ਦਿੱਤਾ ਗਿਆ, ਜਿਨ੍ਹਾਂ ਨੂੰ ਸਰਕਾਰ ਦੁਆਰਾ ਸਮੇਂ-ਸਮੇਂ 'ਤੇ ਦਬਾਅ ਦਿੱਤਾ ਗਿਆ ਅਤੇ ਗ਼ਦਰੀਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਉੱਪਰ ਅਨੇਕਾਂ ਮੁਕੱਦਮੇ ਚਲਾਏ ਗਏ। ਜਿਸਦੇ ਨਤੀਜੇ ਵਜੋਂ ਅਨੇਕਾਂ ਗ਼ਦਰੀਆਂ ਨੂੰ ਸਜ਼ਾ-ਏ-ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਪਰੰਤੂ ਗ਼ਦਰੀਆਂ ਨੇ ਨਿਧੜਕ ਹੋ ਕੇ ਆਪਣੀਆਂ ਸ਼ਹੀਦੀਆਂ ਨੂੰ ਪ੍ਰਵਾਨ ਕੀਤਾ।

ਇਨ੍ਹਾਂ ਹੀ ਗ਼ਦਰੀ ਸ਼ਹੀਦਾਂ ਵਿੱਚੋਂ ਭਾਈ ਮੇਵਾ ਸਿੰਘ ਲੋਪੋਕੇ ਦੀ ਸ਼ਹਾਦਤ ਦਾ ਜ਼ਿਕਰ ਵੀ ਮਿਲਦਾ ਹੈ, ਜਿਨ੍ਹਾਂ ਨੂੰ ਕੈਨੇਡਾ ਵਿੱਚ ਪਹਿਲੇ ਗ਼ਦਰੀ ਸ਼ਹੀਦ ਵਜੋਂ ਪ੍ਰਵਾਨ ਕੀਤਾ ਗਿਆ ਹੈ। ਗੌਰਤਲਬ ਹੈ ਕਿ ਭਾਈ ਮੇਵਾ ਸਿੰਘ ਦਾ ਭਾਰਤ ਦੀ ਆਜ਼ਾਦੀ ਵਿੱਚ ਯੋਗਦਾਨ ਵਜੋਂ ਜਿਕਰ ਨਾ-ਮਾਤਰ ਹੀ ਮਿਲਦਾ ਹੈ। ਭਾਈ ਸਾਹਿਬ ਨੇ ਕੈਨੇਡਾ ਵਿੱਚ ਉਸ ਸਿਸਟਮ ਦੇ ਖਿਲਾਫ਼ ਜੂਝਦਿਆਂ ਸ਼ਹਾਦਤ ਦਾ ਜਾਮ ਪੀਤਾ, ਜਿਸ ਵਿਚ ਨਸਲਵਾਦ ਦਾ ਵਿਤਕਰਾ ਪ੍ਰਤੱਖ ਰੂਪ ਵਿੱਚ ਦ੍ਰਿਸ਼ਟੀਗੋਚਰ ਹੋ ਰਿਹਾ ਸੀ। ਇੱਥੋਂ ਤੱਕ ਕਿ ਇਹ ਵੀ ਮੰਨਿਆ ਜਾਂਦਾ ਹੈ ਕਿ ਆਉਣ ਵਾਲੇ ਸਮੇਂ ਦੇ ਗ਼ਦਰੀ ਇਤਿਹਾਸ ਵਿਚਲੇ ਸ਼ਹੀਦਾਂ ਲਈ ਭਾਈ ਮੇਵਾ ਸਿੰਘ ਦੀ ਸ਼ਹੀਦੀ ਪ੍ਰੇਰਨਾ ਸਰੋਤ ਵਜੋਂ ਕਾਰਗਰ ਸਿੱਧ ਹੋਈ। ਭਾਈ ਮੇਵਾ ਸਿੰਘ ਨੇ ਜਿਸ ਪ੍ਰਕਾਰ ਬੇਖੌਫ਼ ਹੋ ਕੇ ਬ੍ਰਿਟਿਸ਼ ਇੰਟੈਲੀਜੈਂਸ ਅਫ਼ਸਰ ਵਿਲੀਅਮ ਹਾਪਕਿਨਸਨ ਨੂੰ ਮਾਰਿਆ ਸੀ, ਉਸੇ ਪ੍ਰਕਾਰ ਹੀ ਸ਼ਹੀਦ ਊਧਮ ਸਿੰਘ ਨੇ ਵੀ ਨਿਧੜਕ ਹੋ ਕੇ ਮਾਈਕਲ ਓਡਵਾਇਰ ਨੂੰ ਮਾਰ ਕੇ ਸਮੁੱਚੀ ਭਾਰਤ ਕੌਮ ਦੇ ਕਤਲ ਦਾ ਬਦਲਾ ਲਿਆ ਸੀ। ਇਨ੍ਹਾਂ ਯੋਧਿਆਂ ਦੀ ਇਹ ਬੇਖੌਫ਼ਤਾ ਆਉਣ ਵਾਲੇ ਸਮੇਂ ਦੌਰਾਨ ਵੀ ਬ੍ਰਿਟਿਸ਼ ਸਾਮਰਾਜ ਨੂੰ ਭੁੱਲ ਨਾ ਸਕੀ।

ਭਾਈ ਮੇਵਾ ਸਿੰਘ ਸਿੱਧੂ ਦਾ ਜਨਮ 1880 ਈ. ਨੂੰ ਜ਼ਿਲ੍ਹਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਵਿੱਚ ਪੈਂਦੇ ਪਿੰਡ ਲੋਪੋਕੇ ਵਿੱਚ ਪਿਤਾ ਸ. ਨੰਦ ਸਿੰਘ ਔਲਖ ਦੇ ਘਰ ਹੋਇਆ ਸੀ। ਆਪ ਦੇ ਮੁੱਢਲੇ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੁੰਦੀ ਹੈ। ਇੰਨਾ ਜ਼ਰੂਰ ਸੀ ਕਿ ਆਪ ਦਾ ਪਰਿਵਾਰ ਖੇਤੀ ਦੀ ਕਿਰਤ ਤੇ ਬਸਰ ਕਰਦਾ ਸੀ। 20ਵੀਂ ਸਦੀ ਦੇ ਆਰੰਭ ਵਿੱਚ ਹੀ ਭਾਰਤੀ ਲੋਕਾਂ ਵਿੱਚ ਆਪਣੇ ਭਵਿੱਖ ਨੂੰ ਸੰਵਾਰਨ ਲਈ ਕੈਨੇਡਾ ਵਿੱਚ ਜਾ ਕੇ

ਰੁਜ਼ਗਾਰ ਕਰਨ ਦਾ ਰੁਝਾਨ ਪੈਦਾ ਹੋ ਗਿਆ ਸੀ। ਇਸੇ ਰੁਝਾਨ ਤਹਿਤ ਭਾਈ ਮੇਵਾ ਸਿੰਘ ਵੀ ਆਪਣੇ ਸੁਨਹਿਰੀ ਭਵਿੱਖ ਦੀ ਸਿਰਜਨਾ ਕਰਨ ਲਈ 1906 ਈ. ਵਿਚ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿੱਚ ਚਲੇ ਗਏ ਸਨ। ਇਸ ਸਮੇਂ ਦੌਰਾਨ ਹੀ ਕੈਨੇਡਾ ਦੀ ਸਰਕਾਰ ਨਸਲਵਾਦੀ ਵਿਤਕਰਾ ਕਰਦਿਆਂ ਹੋਇਆਂ ਏਸ਼ੀਆਈ ਲੋਕਾਂ ਦੇ ਖਿਲਾਫ਼ ਕਾਲੇ ਕਾਨੂੰਨ ਬਣਾ ਰਹੀ ਸੀ। ਜਿਸ ਬਾਰੇ ਕੈਨੇਡਾ ਸਰਕਾਰ ਦੁਆਰਾ 1907 ਈ. ਦੌਰਾਨ ਭਾਰਤੀ ਲੋਕਾਂ ਕੋਲੋਂ ਵੋਟ ਦੇ ਹੱਕਾਂ ਨੂੰ ਵਾਪਿਸ ਲੈਣਾ ਸੀ। ਭਾਈ ਮੇਵਾ ਸਿੰਘ ਕੈਨੇਡਾ ਵਿੱਚ ਰਹਿੰਦਿਆਂ ਹੋਇਆਂ 'ਨਿਊ ਵੈਸਟਮਿਨਿਸਟਰ' ਦੀ ਫਰੇਜ਼ਰ ਮਿੱਲ ਵਿੱਚ ਕੰਮ ਕਰਦੇ ਸਨ। ਪਰੰਤੂ ਕਿਰਤ ਕਰਦਿਆਂ ਵੀ ਉਨ੍ਹਾਂ ਦਾ ਸੰਪਰਕ ਲਗਾਤਾਰ ਹੀ ਭਾਰਤ ਦੀ ਆਜ਼ਾਦੀ ਲਈ ਜੂਝ ਰਹੇ ਸਿੱਖ ਆਗੂਆਂ ਨਾਲ ਬਣਿਆ ਹੋਇਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਮੇਵਾ ਸਿੰਘ ਦੇ ਮਨ ਵਿੱਚ ਕੁਰਬਾਨੀ ਦਾ ਜਜ਼ਬਾ ਰੱਖਣ ਵਾਲੇ ਦੂਸਰੇ ਲੋਕਾਂ ਵਾਂਗ ਆਜ਼ਾਦੀ ਦੀ ਚਿਣਗ ਕਿਤੇ ਨਾ ਕਿਤੇ ਅਵਚੇਤਨ ਮਨ ਵਿੱਚ ਮੌਜੂਦ ਸੀ। ਜਿਸਦਾ ਨਸਲਵਾਦ ਅਤੇ ਵਿਤਕਰਿਆਂ ਦੇ ਮਾਹੌਲ ਵਿੱਚ ਪ੍ਰਬਲ ਹੋਣਾ ਕੁਦਰਤੀ ਵਰਤਾਰਾ ਸੀ। ਇੱਥੋਂ ਤੱਕ ਕਿ ਉਨ੍ਹਾਂ ਦੀ ਖ਼ਾਲਸਾ ਦੀਵਾਨ ਸੁਸਾਇਟੀ ਨਾਂ ਦੀ ਕੈਨੇਡਾ ਦੀ ਪਹਿਲੀ ਸਿੱਖ ਸੰਸਥਾ ਅਤੇ ਵੈਨਕੂਵਰ ਦੇ ਪਹਿਲੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਵਿਚ ਵੀ ਵਿਸ਼ੇਸ਼ ਭੂਮਿਕਾ ਰਹੀ ਸੀ। ਇੱਥੇ ਹੀ ਭਾਈ ਮੇਵਾ ਸਿੰਘ ਦੁਆਰਾ ਅੰਮ੍ਰਿਤ ਛਕਣ ਅਤੇ ਆਪਣਾ ਸੰਪੂਰਨ ਜੀਵਨ ਜ਼ੁਲਮ ਖਿਲਾਫ਼ ਲੜਨ ਅਤੇ ਸੱਚ ਉੱਪਰ ਕਾਇਮ ਰਹਿਣ ਦੇ ਲਏ ਗਏ ਪ੍ਰਣ ਦਾ ਵੀ ਜ਼ਿਕਰ ਮਿਲਦਾ ਹੈ।

23 ਮਈ, 1914 ਈ. ਨੂੰ ਬਾਬਾ ਗੁਰਦਿੱਤ ਸਿੰਘ ਦੀ ਅਗਵਾਈ ਵਿੱਚ ਇੱਕ ਜਹਾਜ਼ ਜਿਸ ਨੂੰ 'ਗੁਰੂ ਨਾਨਕ ਜਹਾਜ਼' ਦਾ ਨਾਂ ਦਿੱਤਾ ਗਿਆ ਸੀ ਅਤੇ ਜਿਸਨੂੰ ਸਮੁੰਦਰੀ ਬੇੜੇ 'ਕਾਮਾਗਾਟਾਮਾਰੂ' ਵਜੋਂ ਜਾਣਿਆ ਜਾਂਦਾ ਹੈ, ਜਦੋਂ ਭਾਰਤੀ ਮੁਸਾਫ਼ਿਰਾਂ ਨੂੰ ਲੈ ਕੇ ਵੈਨਕੂਵਰ ਪੁੱਜਿਆ ਤਾਂ ਕੈਨੇਡਾ ਸਰਕਾਰ ਦੁਆਰਾ ਉਸਦੇ ਮੁਸਾਫ਼ਿਰਾਂ ਦੇ ਕੈਨੇਡਾ ਵਿਚ ਦਾਖਲ ਹੋਣ 'ਤੇ ਰੋਕ ਲਗਾ ਦਿੱਤੀ ਗਈ। ਇਹ ਘਟਨਾ ਭਾਰਤੀਆਂ ਦੇ ਨਾਲ-ਨਾਲ ਕੈਨੇਡਾ ਵਿੱਚ ਰਹਿ ਰਹੇ ਭਾਰਤੀ ਪ੍ਰਵਾਸੀ ਲੋਕਾਂ ਵਿਚ ਵੀ ਰੋਸ ਦੀ ਲਹਿਰ ਪੈਦਾ ਕਰਨ ਦਾ ਕਾਰਨ ਬਣੀ। ਜਦੋਂ ਬੀ.ਸੀ. ਅਪੀਲ ਕੋਰਟ ਨੇ ਵੀ ਇਸ ਜਹਾਜ਼ ਦੇ ਸਵਾਰਾਂ ਦੇ ਵਿਰੁੱਧ ਫ਼ੈਸਲਾ ਸੁਣਾ ਕੇ ਉਨ੍ਹਾਂ ਨੂੰ ਵਾਪਿਸ ਮੋੜਨ ਦੇ ਆਦੇਸ਼ ਦਿੱਤੇ ਤਾਂ ਇਸ ਸਥਿਤੀ ਵਿਚ ਕੈਨੇਡਾ ਦੀ ਗ਼ਦਰ ਪਾਰਟੀ ਦੇ ਕਾਰਕੁੰਨਾਂ ਨੇ ਇਸ ਜਹਾਜ਼ ਦੇ ਮੁਸਾਫ਼ਿਰਾਂ ਰਾਹੀਂ ਭਾਰਤ ਵਿਚ ਗ਼ਦਰੀ ਸਾਹਿਤ ਤੋਂ ਇਲਾਵਾ ਹਥਿਆਰ ਭੇਜਣ ਦੀ ਕੋਸ਼ਿਸ਼ ਕਰਨ ਦਾ ਨਿਰਣਾ ਲਿਆ। ਆਪਣੇ ਇਸ ਮਕਸਦ ਦੀ ਪੂਰਤੀ ਕਰਨ ਹਿੱਤ ਵੈਨਕੂਵਰ ਦੇ ਭਾਈ ਭਾਗ ਸਿੰਘ, ਭਾਈ ਬਲਵੰਤ ਸਿੰਘ ਅਤੇ ਭਾਈ ਹਰਨਾਮ ਸਿੰਘ ਜਿਹੇ ਆਗੂਆਂ ਨਾਲ ਭਾਈ ਮੇਵਾ ਸਿੰਘ ਕੈਨੇਡਾ ਵੀ ਸਰਹੱਦ ਨੂੰ ਪਾਰ ਕਰਕੇ ਅਮਰੀਕਾ ਵਿਚ ਦਾਖਿਲ ਹੋਏ ਅਤੇ ਉੱਥੋਂ ਹਥਿਆਰਾਂ ਦੀ ਖ਼ਰੀਦ ਕਰਕੇ ਅਗਲੇ ਦਿਨ ਵਾਪਿਸ ਆਏ। ਐਬਟਸਫੋਰਡ ਵਿਚ ਆਉਣ ਦੇ ਯਤਨ ਦੌਰਾਨ ਹੀ ਭਾਈ ਮੇਵਾ ਸਿੰਘ ਸਮੇਤ ਬਾਕੀ ਗ਼ਦਰੀ ਆਗੂਆਂ ਨੂੰ ਵੀ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ।[2] ਉਨ੍ਹਾਂ ਨੂੰ ਹਿੰਦ ਸਰਕਾਰ ਦੇ ਜਾਸੂਸ ਵਿਲੀਅਮ ਹਾਪਕਿਨਸਨ ਅਤੇ ਇਕ ਇਮੀਗ੍ਰੇਸ਼ਨ ਅਫ਼ਸਰ ਮੈਕਲਮ ਰੀਡ ਦੁਆਰਾ ਅਨੇਕ ਪ੍ਰਕਾਰ ਦੀਆਂ ਸਜ਼ਾਵਾਂ ਦੇ ਡਰ ਅਤੇ ਰਿਹਾਈ ਦੇ ਲਾਲਚ ਦਿੰਦਿਆਂ ਹੋਇਆਂ ਦੂਸਰੇ ਗ਼ਦਰੀ ਯੋਧਿਆਂ ਖਿਲਾਫ਼ ਬਿਆਨ ਦੇਣ ਲਈ ਧਮਕਾਇਆ ਤੱਕ ਗਿਆ ਪਰੰਤੂ ਭਾਈ ਮੇਵਾ ਸਿੰਘ ਨੇ ਆਪਣੀ ਸ਼ਖ਼ਸੀਅਤ ਵਿਚਲੇ ਗੁਣਾਂ ਨੂੰ ਪ੍ਰਮੁੱਖ ਰੱਖਦਿਆਂ ਹੋਇਆਂ ਕਿਸੇ ਵੀ

**International Journal of Humanities Social Science and Management (IJHSSM)**
**Volume 3, Issue 5, Sep.-Oct., 2023, pp: 155-161 www.ijhssm.org**

ਪ੍ਰਕਾਰ ਦੀ ਝੂਠੀ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੂੰ ਸਰਕਾਰ ਦੁਆਰਾ 7 ਅਗਸਤ ਨੂੰ ਰਿਹਾਅ ਕਰਨ ਦਾ ਜ਼ਿਕਰ ਵੀ ਮਿਲਦਾ ਹੈ।

ਮੈਲਕਮ ਰੀਡ ਜੋ ਕਿ ਵੈਨਕੂਵਰ ਇਮੀਗ੍ਰੇਸ਼ਨ ਵਿਭਾਗ ਦਾ ਮੁਖੀ ਸੀ ਅਤੇ ਵਿਲੀਅਮ ਹਾਪਕਿਨਸਨ ਦਾ ਮੁੱਖ ਪੇਸ਼ਾ ਭਾਰਤੀਆਂ ਦੀ ਕੈਨੇਡਾ ਤੇ ਬ੍ਰਿਟਿਸ਼ ਸਾਮਰਾਜ ਲਈ ਜਾਸੂਸੀ ਦਾ ਕੰਮ ਕਰਨਾ ਸੀ। ਵਿਲੀਅਮ ਹਾਪਕਿਨਸਨ ਨੇ ਹੀ ਵੈਨਕੂਵਰ ਵਿਚ ਰਹਿ ਰਹੇ ਕੁਝ ਭਾਰਤੀਆਂ ਬੇਲਾ ਸਿੰਘ ਜਿਆਣ, ਬਾਬੂ ਸਿੰਘ ਲਿਤਰਾਂ ਅਤੇ ਗੰਗਾ ਰਾਮ ਬਰੀਆ ਦੀ ਮੱਦਦ ਨਾਲ ਸਰਕਾਰ ਲਈ ਇਕ ਗਰੁੱਪ ਤਿਆਰ ਕੀਤਾ, ਜਿਸਦਾ ਮੁੱਖ ਕੰਮ ਸਰਕਾਰ ਨੂੰ ਗ਼ਦਰੀਆਂ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਪਹੁੰਚਾਉਣਾ ਸੀ।

ਜਦੋਂ ਪਹਿਲਾ ਵਿਸ਼ਵ ਯੁੱਧ ਆਰੰਭ ਹੋਇਆ ਤਾਂ ਕੈਨੇਡਾ ਅਤੇ ਅਮਰੀਕਾ ਵਿਚ ਰਹਿਣ ਵਾਲੇ ਗ਼ਦਰੀਆਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਆਦੇਸ਼ ਹਿੱਤ ਰਵਾਨਾ ਹੋਣ ਤੋਂ ਪਹਿਲਾਂ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸ ਕਰਨ ਹਿੱਤ ਇਕੱਤਰਤਾ ਕੀਤੀ। ਅਜਿਹੇ ਸਮੇਂ ਦੌਰਾਨ ਵਿਲੀਅਮ ਹਾਪਕਿਨਸਨ ਇਸੇ ਯਤਨ ਵਿੱਚ ਸੀ ਕਿ ਕੋਈ ਵੀ ਭਾਰਤੀ ਕੈਨੇਡਾ ਵਿੱਚੋਂ ਭਾਰਤ ਵਿੱਚ ਆਪਣੇ ਇਸ ਮੰਤਵ ਦੀ ਪੂਰਤੀ ਹਿੱਤ ਨਾ ਜਾ ਸਕੇ। ਸੋ ਇਸ ਲਈ ਸਭ ਤੋਂ ਪਹਿਲਾਂ ਭਾਈ ਭਾਗ ਸਿੰਘ ਨੂੰ ਜਾਣ ਤੋਂ ਰੋਕਣਾ ਅਤਿਅੰਤ ਆਵੱਸ਼ਕ ਸੀ। ਆਪਣੇ ਇਸ ਮੰਤਵ ਨੂੰ ਪੂਰਾ ਕਰਨ ਲਈ ਵਿਲੀਅਮ ਹਾਪਕਿਨਸਨ ਦੀ ਸ਼ਹਿ 'ਤੇ ਇੱਕ ਸਰਕਾਰੀ ਜਾਸੂਸ ਬੇਲਾ ਸਿੰਘ ਜਿਆਣ ਜੋ ਕਿ ਵੈਨਕੂਵਰ ਵਿਚ ਰਹਿਣ ਵਾਲਾ ਭਾਰਤੀ ਸੀ, ਨੇ ਵਹਿਸ਼ੀਆਨਾ ਕਾਰਵਾਈ ਨੂੰ ਅੰਜ਼ਾਮ ਦਿੰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਅੰਦਰ ਗੋਲੀਆਂ ਚਲਾ ਦਿੱਤੀਆਂ। ਜਿਸਦੇ ਕਾਰਨ ਉਸ ਸਮੇਂ ਦੀ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਅਤੇ ਉਨ੍ਹਾਂ ਦਾ ਬਚਾਅ ਕਰਨ ਦੀ ਕੋਸ਼ਿਸ਼ ਕਰਨ ਵਾਲੇ ਭਾਈ ਬਤਨ ਸਿੰਘ ਦੀ ਸ਼ਹਾਦਤ ਹੋ ਗਈ। ਗੁਰਦੁਆਰਾ ਸਾਹਿਬ ਅੰਦਰ ਮੌਜੂਦ ਸੰਗਤ ਵਿਚੋਂ ਵੀ ਕਈ ਲੋਕ ਜ਼ਖ਼ਮੀ ਹੋਏ। ਕੈਨੇਡਾ ਦੇ ਸਿੱਖ ਇਤਿਹਾਸ ਵਿਚ ਇਸ ਘਟਨਾ ਨੂੰ ਸਭ ਤੋਂ ਦਰਦਨਾਕ ਘਟਨਾ ਮੰਨਿਆ ਜਾਂਦਾ ਹੈ, ਜਿਸ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸ਼ਾਂਤਮਈ ਇਕੱਤਰਤਾ ਵਿਚ ਸਿੱਖ ਆਗੂਆਂ ਨੂੰ ਸ਼ਹੀਦ ਕੀਤਾ ਗਿਆ ਹੋਵੇ। ਭਾਈ ਮੇਵਾ ਸਿੰਘ ਜੋ ਉਸ ਸਮੇਂ ਦੌਰਾਨ ਉਸੇ ਗੁਰਦੁਆਰਾ ਸਾਹਿਬ ਦੀ ਇਕੱਤਰਤਾ ਵਿਚ ਮੌਜੂਦ ਸਨ, ਦੇ ਮਨ ਉਪਰ ਇਸ ਘਟਨਾ ਦਾ ਅਤਿਅੰਤ ਰੋਸਮਈ ਪ੍ਰਭਾਵ ਪਿਆ ਅਤੇ ਉਨ੍ਹਾਂ ਦੀ ਨਜ਼ਰ ਵਿਚ ਵਿਲੀਅਮ ਹਾਪਕਿਨਸਨ ਅਤੇ ਮੈਲਕਮ ਰੀਡ ਮੁੱਖ ਦੋਸ਼ੀ ਸਨ, ਜਿਨ੍ਹਾਂ ਦੀ ਅਗਵਾਈ ਅਧੀਨ ਇਸ ਸਾਰੀ ਘਟਨਾ ਨੂੰ ਅੰਜ਼ਾਮ ਦਿੱਤਾ ਗਿਆ। ਭਾਈ ਮੇਵਾ ਸਿੰਘ ਨੇ ਇਹ ਜਾਣ ਲਿਆ ਸੀ ਕਿ ਬੇਲਾ ਸਿੰਘ ਜਿਆਣ ਨੇ ਇਹ ਕਾਰਵਾਈ ਵਿਲੀਅਮ ਹਾਪਕਿਨਸਨ ਦੇ ਕਹਿਣ ਤੇ ਕੀਤੀ ਹੈ। ਉਨ੍ਹਾਂ ਨੂੰ ਇਹ ਵੀ ਜਾਣਕਾਰੀ ਸੀ ਕਿ ਵਿਲੀਅਮ ਹਾਪਕਿਨਸਨ ਹੀ ਵੱਖੋ-ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਗ਼ਦਰੀਆਂ ਦੀਆਂ ਕਾਰਵਾਈਆਂ ਦੀ ਖਬਰ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਤੱਕ ਪਹੁੰਚਾਉਣ ਦਾ ਕੰਮ ਕਰਦਾ ਸੀ, ਜਿਸ ਕਾਰਨ ਗ਼ਦਰ ਪਾਰਟੀ ਨੂੰ ਕਾਫ਼ੀ ਨੁਕਸਾਨ ਹੋ ਰਿਹਾ ਸੀ। ਹੁਣ ਉਸਨੇ ਆਪਣੇ ਉਦੇਸ਼ ਨੂੰ ਪੂਰਾ ਕਰਨ ਹਿੱਤ ਭਾਈ ਭਾਗ ਸਿੰਘ ਵਰਗੇ ਹਰਮਨ ਪਿਆਰੇ ਅਤੇ ਪ੍ਰਸਿੱਧ ਗ਼ਦਰੀ ਨਾਇਕ ਨੂੰ ਸ਼ਹੀਦ ਕਰਵਾ ਦਿੱਤਾ ਸੀ।

ਭਾਈ ਭਾਗ ਸਿੰਘ ਹੁਰਾਂ ਦੇ ਕਤਲ ਦਾ ਕੇਸ ਵੈਨਕੂਵਰ ਦੀ ਅਦਾਲਤ ਵਿੱਚ ਚੱਲ ਰਿਹਾ ਸੀ। ਅਦਾਲਤ ਦੀ ਕਾਰਵਾਈ ਤੋਂ ਕੁੱਝ ਦਿਨ ਪਹਿਲਾਂ ਵਿਲੀਅਮ ਹਾਪਕਿਨਸਨ ਨੂੰ ਇਸ ਕੇਸ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਬਾਅਦ ਵਿੱਚ ਉਹ ਬੇਲਾ ਸਿੰਘ ਜਿਆਣ ਦੇ ਹੱਕ ਵਿੱਚ ਆਪਣੀ ਗਵਾਹੀ ਦੇਣ ਲਈ ਕੋਰਟ ਵਿੱਚ ਨਿਡਰ ਭਾਵ ਨਾਲ ਆ ਰਿਹਾ ਸੀ। ਭਾਈ ਮੇਵਾ ਸਿੰਘ ਦੁਆਰਾ ਇਸੇ ਸਮੇਂ ਨੂੰ ਸਹੀ ਸਮਝ ਕੇ ਆਪਣੇ ਮਕਸਦ ਨੂੰ ਪੂਰਾ ਕਰਨ ਹਿੱਤ ਚੁਣਿਆ ਗਿਆ। ਉਨ੍ਹਾਂ ਦੁਆਰਾ ਆਪਣੇ ਮਕਸਦ ਨੂੰ ਪੂਰਾ ਕਰਨ ਦੇ ਵਾਕਿਆਤ ਦਾ ਜ਼ਿਕਰ ਗ਼ਦਰੀ ਸਾਹਿਤ ਦੇ ਹਵਾਲੇ ਨਾਲ ਸਪੱਸ਼ਟ ਹੁੰਦਾ ਹੈ ਜਿਸ ਵਿਚ ਇਹ ਦੱਸਿਆ ਗਿਆ ਹੈ ਜਦੋਂ "ਵਿਲੀਅਮ ਹਾਪਕਿਨਸਨ ਆਪਣੀ ਗਵਾਹੀ ਲਈ ਕੋਰਟ ਦੇ ਵਰਾਂਡੇ ਵਿੱਚੋਂ ਗੁਜ਼ਰ ਰਿਹਾ ਸੀ ਤਾਂ ਭਾਈ ਮੇਵਾ ਸਿੰਘ ਨੇ ਉਸਦੇ ਸਾਹਮਣੇ ਆ ਕੇ ਆਪਣੇ ਰਿਵਾਲਵਰ ਨਾਲ ਉਸ ਉੱਪਰ ਫ਼ਾਇਰ ਕੀਤੇ ਸਨ। ਵਿਲੀਅਮ ਹਾਪਕਿਨਸਨ ਭਾਈ ਮੇਵਾ ਸਿੰਘ ਨੂੰ ਪਕੜਨ ਦੇ ਯਤਨ ਵਿੱਚ ਉਨ੍ਹਾਂ ਦੇ ਪੈਰਾਂ ਵਿੱਚ ਡਿੱਗ ਪਿਆ ਅਤੇ ਭਾਈ ਸਾਹਿਬ ਨੇ ਰਿਵਾਲਵਰ ਨਾਲ ਉਸਦੇ ਸਿਰ ਉੱਪਰ ਅਨੇਕਾਂ ਵਾਰ ਕੀਤੇ ਅਤੇ ਤੁਰੰਤ ਹੀ ਦੂਸਰੇ ਰਿਵਾਲਵਰ ਨਾਲ ਹੋਰ ਫ਼ਾਇਰ ਵੀ ਉਸ ਉੱਪਰ ਕੀਤੇ ਤਾਂ ਜੋ ਉਸਦੇ ਜੀਉਂਦੇ ਬਚਣ ਦੀ ਕੋਈ ਸੰਭਾਵਨਾ ਨਾ ਰਹੇ। ਬੇਸ਼ੱਕ ਉਸ ਸਮੇਂ ਉੱਥੇ ਬਹੁਤ ਸਾਰੇ ਲੋਕਾਂ ਦੀ ਮੌਜੂਦਗੀ ਦਾ ਜ਼ਿਕਰ ਆਉਂਦਾ ਹੈ ਪਰੰਤੂ ਡਰ ਭਰੇ ਅਚੰਭੇ ਦੇ ਕਾਰਨ ਕੋਈ ਵੀ ਮੱਦਦ ਲਈ ਅੱਗੇ ਨਾ ਆ ਸਕਿਆ। ਵਿਲੀਅਮ ਹਾਪਕਿਨਸਨ ਦੀ ਮੌਕੇ ਉੱਪਰ ਹੀ ਮੌਤ ਹੋ ਗਈ। ਭਾਈ ਮੇਵਾ ਸਿੰਘ ਨੇ ਉਸ ਜਨਤਕ ਸਥਾਨ ਤੋਂ ਫ਼ਰਾਰ ਹੋਣ ਦੀ ਬਜਾਏ ਆਪ ਪੁਲਿਸ ਦੇ ਪਹੁੰਚਣ ਤੇ ਹਥਿਆਰ ਸਮੇਤ ਆਪਣੀ ਗ੍ਰਿਫ਼ਤਾਰੀ ਦਿੱਤੀ।"[3]

ਹੁਣ ਕੈਨੇਡੀਅਨ ਸਰਕਾਰ ਦੁਆਰਾ ਬੇਲਾ ਸਿੰਘ ਜਿਆਣ, ਜਿਸਨੇ ਧਾਰਮਿਕ ਅਸਥਾਨ ਉੱਪਰ ਸ਼ਾਂਤਮਈ ਰੂਪ ਵਿੱਚ ਇਕੱਤਰ ਹੋਏ ਲੋਕਾਂ ਵਿੱਚੋਂ ਦੋ ਨੂੰ ਕਤਲ ਅਤੇ ਅਨੇਕਾਂ ਨੂੰ ਜ਼ਖ਼ਮੀ ਕੀਤਾ ਸੀ, ਦੇ ਮੁਕੱਦਮੇ ਦੀ ਕਾਰਵਾਈ ਨੂੰ ਇਕ ਪਾਸੇ ਕਰ ਕੇ ਵਿਲੀਅਮ ਹਾਪਕਿਨਸਨ ਦੇ ਕਤਲ ਤੋਂ 9 ਦਿਨ ਬਾਅਦ ਹੀ ਭਾਈ ਮੇਵਾ ਸਿੰਘ ਲੋਪੋਕੇ ਉੱਪਰ 29 ਅਕਤੂਬਰ 1914 ਈ. ਨੂੰ ਮੁਕੱਦਮਾ ਸ਼ੁਰੂ ਕਰ ਦਿੱਤਾ ਗਿਆ ਤਾਂ ਜੋ ਜਲਦੀ ਹੀ ਇਸ ਸੰਬੰਧੀ ਭਾਈ ਮੇਵਾ ਸਿੰਘ ਲਈ ਸਜ਼ਾ ਨਿਸ਼ਚਿਤ ਕੀਤੀ ਜਾ ਸਕੇ। ਪੁਲਿਸ ਦੁਆਰਾ ਭਾਈ ਮੇਵਾ ਸਿੰਘ ਤੋਂ ਇਲਾਵਾ ਭਾਈ ਬਲਵੰਤ ਸਿੰਘ ਖੁਰਦਪੁਰ, ਭਾਈ ਕਰਤਾਰ ਸਿੰਘ ਨਵਾਂਚੰਦ, ਭਾਈ ਮਿੱਤ ਸਿੰਘ ਪੰਡੋਰੀ ਤੇ ਇਲਾਵਾ ਸਾਹਿਲ ਕਮੇਟੀ ਦੇ ਮੈਂਬਰ ਸੋਹਨ ਲਾਲ ਅਤੇ ਹੁਸ਼ੈਨ ਰਹੀਮ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉੱਪਰ ਵੀ ਮੁਕੱਦਮਾ ਚਲਾ ਦਿੱਤਾ ਗਿਆ ਸੀ।[4]

ਇਨ੍ਹਾਂ ਸਾਰਿਆਂ ਉੱਪਰ ਵਿਲੀਅਮ ਹਾਪਕਿਨਸਨ ਨੂੰ ਕਤਲ ਕਰਨ ਦੀ ਸਾਜ਼ਿਸ਼ ਦਾ ਦੋਸ਼ ਆਇਦ ਕੀਤਾ ਗਿਆ, ਪਰੰਤੂ ਭਾਈ ਮੇਵਾ ਸਿੰਘ ਨੇ ਹਾਪਕਿਨਸਨ ਦੇ ਕਤਲ ਦੀ ਸਾਰੀ ਜ਼ਿੰਮੇਵਾਰੀ ਆਪਣੇ ਉੱਪਰ ਲੈ ਲਈ ਸੀ। ਉਨ੍ਹਾਂ ਦੇ ਇਸ ਬਹਾਦਰੀ ਭਰੇ ਕਾਰਨਾਮੇ ਨੇ ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਰਹਿਣ ਵਾਲੇ ਲੋਕਾਂ ਦੇ ਮਨਾਂ ਉੱਪਰ ਕਾਫ਼ੀ ਡੂੰਘਾ ਪ੍ਰਭਾਵ ਪਾਇਆ, ਜਿਸ ਕਾਰਨ ਅਨੇਕਾਂ ਲੋਕ ਉਨ੍ਹਾਂ ਨੂੰ ਜੇਲ੍ਹ ਵਿੱਚ ਮਿਲਣ ਲਈ ਵੀ ਆਉਂਦੇ ਰਹੇ ਸਨ। ਭਾਈ ਮੇਵਾ ਸਿੰਘ ਦਾ ਮੁਕੱਦਮਾ ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਆਇਲੇ ਮੌਰੀਸਨ ਕੋਲ ਸੀ, ਜਿਸਨੇ 12 ਮੈਂਬਰੀ ਜਿਊਰੀ ਦੀ ਸਲਾਹ ਨਾਲ ਇਸ ਦਾ ਫ਼ੈਸਲਾ ਕਰਨਾ ਸੀ। ਮਿਸਟਰ ਟੇਲਰ ਕਰਾਊਨ ਸਰਕਾਰੀ ਵਕੀਲ ਸੀ ਅਤੇ ਮਿਸਟਰ ਵੁੱਡ ਭਾਈ ਮੇਵਾ ਸਿੰਘ ਦਾ ਵਕੀਲ ਸੀ। ਭਾਈ ਮੇਵਾ ਸਿੰਘ ਦੁਆਰਾ ਅਦਾਲਤ ਵਿੱਚ

ਸਹੁੰ ਚੁੱਕ ਕੇ ਇਕਬਾਲੀਆ ਜੁਰਮ ਸਵੀਕਾਰ ਕਰ ਲਿਆ ਗਿਆ ਸੀ। 30 ਅਕਤੂਬਰ, 1914 ਈ. ਨੂੰ ਵਕੀਲ ਨੇ ਭਾਈ ਮੇਵਾ ਸਿੰਘ ਦੁਆਰਾ ਦਿੱਤੇ ਗਏ ਬਿਆਨ ਨੂੰ ਅਦਾਲਤ ਵਿੱਚ ਪੜ੍ਹ ਕੇ ਸੁਣਾਇਆ, ਜਿਸ ਵਿੱਚ ਭਾਈ ਸਾਹਿਬ ਦੁਆਰਾ ਸਪੱਸ਼ਟ ਰੂਪ ਵਿਚ ਕਿਹਾ ਗਿਆ ਸੀ ਕਿ ਮੈਂ ਪਰਮਾਤਮਾ ਦੀ ਰਜ਼ਾ ਅਧੀਨ ਰਹਿਣ ਵਾਲਾ ਸਾਧਾਰਨ ਸਿੱਖ ਹਾਂ। ਪਰੰਤੂ ਜਿੱਥੇ ਆਪਣੇ ਧਰਮ ਅਤੇ ਧਾਰਮਿਕ ਚਿੰਨ੍ਹਾਂ ਦੀ ਹੋਂਦ ਦਾ ਪ੍ਰਸ਼ਨ ਹੋਵੇ, ਉੱਥੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣੀ ਜਾਇਜ਼ ਹੈ। ਉਨਾਂ ਨੇ ਇਹ ਵੀ ਸਪੱਸ਼ਟ ਕੀਤਾ ਕਿ ਮਿਸਟਰ ਰੀਡ ਅਤੇ ਮਿਸਟਰ ਹਾਪਕਿਨਸਨ ਨੇ ਗੁਰਦੁਆਰਾ ਸਾਹਿਬ ਜਿਹੇ ਪਵਿੱਤਰ ਅਸਥਾਨ ਉੱਪਰ ਵੀ ਨਸਲਵਾਦੀ ਵਿਤਕਰੇ ਨੂੰ ਪ੍ਰਮੁੱਖਤਾ ਦਿੰਦਿਆਂ ਜ਼ੁਲਮ ਕਰਨ ਦਾ ਸਥਾਨ ਬਣਾ ਦਿੱਤਾ। ਜੋ ਕਿਸੇ ਵੀ ਸਿੱਖ ਲਈ ਅਸਹਿਣਯੋਗ ਹੈ। ਸਮੇਂ ਦੀ ਸਰਕਾਰ ਦੁਆਰਾ ਸਾਡੇ ਨਾਲ ਵਿਤਕਰਾ ਕਰਦੇ ਹੋਏ ਦੋਸ਼ੀਆਂ ਨੂੰ ਦੋਸ਼-ਮੁਕਤ ਕਰ ਦਿੱਤਾ ਗਿਆ ਜਿਸ ਕਾਰਨ ਮੈਨੂੰ ਅਜਿਹਾ ਕਦਮ ਉਠਾਉਣਾ ਪਿਆ।[5]

ਜਸਟਿਸ ਮੌਰੀਸਨ ਨੇ ਇਸ ਮੁਕੱਦਮੇ ਦੇ ਫ਼ੈਸਲੇ ਵਜੋਂ ਦੂਸਰੇ 12 ਜੱਜਾਂ ਦੀ ਸਹਿਮਤੀ ਨਾਲ ਭਾਈ ਮੇਵਾ ਸਿੰਘ ਨੂੰ 11 ਜਨਵਰੀ, 1915 ਈ. ਨੂੰ ਸਵੇਰ ਦੇ ਸਮੇਂ ਫ਼ਾਂਸੀ ਦਿੱਤੇ ਜਾਣ ਦੀ ਸਜ਼ਾ ਸੁਣਾਈ। ਇਸ ਮੁਕੱਦਮੇ ਪ੍ਰਤੀ ਕੈਨੇਡੀਅਨ ਸਰਕਾਰ ਦਾ ਰਵੱਈਆ ਪਹਿਲਾਂ ਤੋਂ ਹੀ ਸਪੱਸ਼ਟ ਸੀ ਕਿਉਂਕਿ ਇਸਦੀ ਸੁਣਵਾਈ ਬਹੁਤ ਘੱਟ ਸਮੇਂ ਵਿੱਚ ਹੀ ਖ਼ਤਮ ਕਰ ਦਿੱਤੀ ਗਈ ਸੀ। ਇਹ ਵੀ ਜ਼ਿਕਰ ਆਉਂਦਾ ਹੈ ਕਿ ਸਜ਼ਾ ਦੀ ਸੁਣਵਾਈ ਤੋਂ ਬਾਅਦ ਵੀ ਭਾਈ ਮੇਵਾ ਸਿੰਘ ਅਡੋਲ ਸੀ ਅਤੇ ਉਨ੍ਹਾਂ ਦੇ ਚਿਹਰੇ ਤੇ ਪਰਮਾਤਮਾ ਪ੍ਰਤੀ ਸ਼ੁਕਰਾਨੇ ਦਾ ਭਾਵ ਸੀ। ਇੱਥੋਂ ਤੱਕ ਕਿ ਭਾਈ ਮੇਵਾ ਸਿੰਘ ਦੁਆਰਾ ਆਪਣੀ ਬੈਰਕ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਦੇ ਵਕੀਲ ਦੁਆਰਾ ਉਨ੍ਹਾਂ ਲਈ ਰਹਿਮ ਦੀ ਅਪੀਲ ਕਰਨ ਦੀ ਮਨਸ਼ਾ ਵੀ ਜ਼ਾਹਿਰ ਕੀਤੀ ਗਈ।ਭਾਈ ਮੇਵਾ ਸਿੰਘ ਨੇ ਆਪਣੇ ਵਕੀਲ ਨੂੰ ਅਜਿਹਾ ਕਰਨ ਤੋਂ ਰੋਕ ਦਿੱਤਾ ਪਰੰਤੂ ਉਸ ਵਕੀਲ ਨੇ ਇਨ੍ਹਾਂ ਨੂੰ ਬਚਾਉਣ ਲਈ ਭਾਈ ਮੇਵਾ ਸਿੰਘ ਦੇ ਦਿਮਾਗੀ ਸੰਤੁਲਨ ਵਿਗੜਨ ਦੀ ਵੀ ਅਪੀਲ ਕੀਤੀ, ਜਿਸਦੀ ਜਾਂਚ ਦੌਰਾਨ ਭਾਈ ਸਾਹਿਬ ਨੇ ਆਪ ਇਹ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਨੇ ਸਾਰਾ ਵਾਕਿਆਤ ਪੂਰੇ ਹੋਸ਼ ਵਿੱਚ ਅਤੇ ਸੋਚ-ਸਮਝ ਕੇ ਕੀਤਾ ਹੈ। 11 ਜਨਵਰੀ, 1915 ਈ. ਨੂੰ ਜਿਸ ਦਿਨ ਭਾਈ ਮੇਵਾ ਸਿੰਘ ਨੂੰ ਫ਼ਾਂਸੀ ਦੇਣੀ ਸੀ, ਉਸ ਸਮੇਂ ਵੀ ਅਨੇਕਾਂ ਦੀ ਗਿਣਤੀ ਵਿੱਚ ਕੈਨੇਡਾ ਦੇ ਲੋਕ ਜਿਨ੍ਹਾਂ ਵਿੱਚ ਭਾਰਤੀ ਅਤੇ ਵਿਦੇਸ਼ੀ ਦੋਵੇਂ ਹੀ ਸ਼ਾਮਿਲ ਸਨ, ਦਾ ਭਾਰੀ ਇਕੱਠ ਸੀ। ਭਾਈ ਮਿੱਤ ਸਿੰਘ ਪੰਡੋਰੀ ਦੀ ਗ੍ਰੰਥੀ ਵਜੋਂ ਭਾਈ ਮੇਵਾ ਸਿੰਘ ਨਾਲ ਮੁਲਾਕਾਤ ਕਰਵਾਈ ਗਈ ਸੀ। ਭਾਈ ਮਿੱਤ ਸਿੰਘ ਦੀ ਮੁਲਾਕਾਤ ਤੋਂ ਬਾਅਦ ਭਾਈ ਮੇਵਾ ਸਿੰਘ ਦੀ ਉਸ ਸਮੇਂ ਦੀ ਸਥਿਤੀ ਬਾਰੇ ਦੱਸਿਆ ਕਿ "ਮੈਂ ਜਾ ਕੇ ਉਸ ਨਾਲ ਮੁਲਾਕਾਤ ਕੀਤੀ। ਮੇਰੀ ਮੁਲਾਕਾਤ ਬਤੌਰ ਗ੍ਰੰਥੀ ਦੇ ਕਰਵਾਈ ਗਈ ਸੀ। ਮੈਂ ਉਸਨੂੰ ਸ਼ਾਂਤੀ ਦਾ ਉਪਦੇਸ਼ ਦਿੱਤਾ ਪਰ ਉਹ ਤਾਂ ਅੱਗੇ ਕਿਸੇ ਉੱਚੇ ਰੰਗ ਵਿੱਚ ਰੰਗਿਆ ਹੋਇਆ ਸੀ। ਉਸਨੂੰ ਮੌਤ ਦਾ ਰਤਾ ਫ਼ਿਕਰ ਨਹੀਂ ਸੀ।"[6]

ਭਾਈ ਮੇਵਾ ਸਿੰਘ ਨੇ ਆਪਣੀ ਮੌਤ ਨੂੰ ਆਪ ਸਵੀਕਾਰ ਕੀਤਾ ਸੀ ਅਤੇ ਅਖ਼ੀਰ ਤੱਕ ਆਪਣੇ ਧੀਰਜ਼ ਨੂੰ ਕਾਇਮ ਰੱਖਿਆ। ਜਿਸ ਸਮੇਂ ਆਪ ਨੂੰ ਫ਼ਾਂਸੀ ਦਿੱਤੀ ਗਈ ਆਪ ਸ਼ਾਂਤ ਅਵਸਥਾ ਵਿੱਚ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਆਪ ਦੇ ਸਵਾਸਾਂ ਦੇ ਖ਼ਤਮ ਹੋਣ ਬਾਰੇ ਉਸ ਸਮੇਂ ਦੌਰਾਨ ਹਾਜ਼ਿਰ ਮੈਡੀਕਲ ਅਫ਼ਸਰ ਨੇ ਵੀ ਜ਼ਿਕਰ

ਕੀਤਾ ਕਿ ਉਸਨੇ ਆਪਣੇ ਹੁਣ ਤੱਕ ਦੇ ਜੀਵਨ ਦੌਰਾਨ ਐਨੀ ਆਸਾਨੀ ਨਾਲ ਕਿਸੇ ਦੇ ਪ੍ਰਾਣ ਨਿਕਲਦੇ ਨਹੀਂ ਦੇਖੇ ਸਨ। ਇਹ ਵੀ ਜ਼ਿਕਰ ਆਉਂਦਾ ਹੈ ਕਿ ਆਪ ਆਪਣੇ ਅੰਤਿਮ ਸਮੇਂ ਦੌਰਾਨ 'ਹਰ ਜਸ ਰੇ ਮਨ ਗਾਇ ਲੈ ਜੋ ਸੰਗੀ ਹੈ ਤੇਰਾ' ਸ਼ਬਦ ਦਾ ਲਗਾਤਾਰ ਉਚਾਰਨ ਕਰ ਰਹੇ ਸਨ। ਭਾਈ ਮੇਵਾ ਸਿੰਘ ਦਾ ਸਸਕਾਰ ਫ਼ਰੇਜ਼ਰ ਮਿੱਲ ਵਿੱਚ ਲੋਕਾਂ ਦੇ ਭਾਰੀ ਇਕੱਠ ਵਿੱਚ ਕੀਤਾ ਗਿਆ। ਆਪ ਦੇ ਨਮਿੱਤ ਗੁਰਦੁਆਰਾ ਸਾਹਿਬ ਦੇ ਭੋਗ ਤੋਂ ਬਾਅਦ ਜੋ ਦੀਵਾਨ ਸਜਾਏ ਗਏ ਸਨ, ਉਹ ਲਗਾਤਾਰ 7 ਦਿਨ ਤੱਕ ਜ਼ਾਰੀ ਰਹੇ ਸਨ। ਬੇਸ਼ੱਕ ਆਪ ਦੀ ਸ਼ਹੀਦੀ ਤੋਂ ਬਾਅਦ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿੱਚ ਹੋਏ ਕਤਲਕਾਂਡ ਦੇ ਦੋਸ਼ੀਆਂ ਨੂੰ ਅਦਾਲਤ ਦੁਆਰਾ ਨਸਲਵਾਦੀ ਸੋਚ ਅਧੀਨ ਬਰੀ ਕਰ ਦਿੱਤਾ ਗਿਆ ਸੀ। ਪਰੰਤੂ ਭਾਈ ਮੇਵਾ ਸਿੰਘ ਦੁਆਰਾ ਮੁਜ਼ਰਿਮ ਲਈ ਸ਼ਰ੍ਹੇਆਮ ਸਜ਼ਾ ਨਿਸ਼ਚਿਤ ਕਰਨ ਦਾ ਜੋ ਆਰੰਭ ਆਪਣੇ ਜੀਵਨ ਦੌਰਾਨ ਕੀਤਾ ਗਿਆ, ਉਸ ਨਾਲ ਭਵਿੱਖ ਵਿੱਚ ਆਉਣ ਵਾਲੇ ਕ੍ਰਾਂਤੀਕਾਰੀ ਸਮੇਂ ਉੱਪਰ ਬਹੁਤ ਡੂੰਘਾ ਪ੍ਰਭਾਵ ਪਿਆ। ਇਸ ਬਾਬਤ ਭਾਈ ਮੇਵਾ ਸਿੰਘ ਤੋਂ ਬਾਅਦ ਦੇ ਗ਼ਦਰੀਆਂ ਦੁਆਰਾ ਨਿਡਰ ਭਾਵ ਨਾਲ ਵਧੀਕੀ ਕਰਨ ਵਾਲਿਆਂ ਲਈ ਪਹਿਲ ਦੇ ਆਧਾਰ ਤੇ ਆਪ ਸਜ਼ਾ ਨਿਸ਼ਚਿਤ ਕਰਨ ਦਾ ਪ੍ਰਚੱਲਨ ਹੋ ਗਿਆ ਸੀ। ਇਸਦੇ ਅਨੇਕਾਂ ਹਵਾਲਿਆਂ ਦਾ ਜ਼ਿਕਰ ਬਾਅਦ ਦੇ ਇਤਿਹਾਸ ਵਿੱਚੋਂ ਸਹਿਜੇ ਹੀ ਦ੍ਰਿਸ਼ਟੀਗੋਚਰ ਹੋ ਜਾਂਦਾ ਹੈ। ਗ਼ਦਰ ਪਾਰਟੀ ਅਤੇ ਕੈਨੇਡਾ ਦੇ ਭਾਰਤੀ ਸਮੁਦਾਇ ਨੇ ਮੇਵਾ ਸਿੰਘ ਨੂੰ ਸ਼ਹੀਦ ਆਖ ਕੇ ਸਨਮਾਨ ਦਿੱਤਾ। ਉਦੋਂ ਤੋਂ ਹੀ ਉਸ ਦੇ ਹਮਵਤਨ ਕੈਨੇਡਾ ਵਿੱਚ ਹਰ ਵਰ੍ਹੇ ਉਸ ਦੀ ਫ਼ਾਂਸੀ ਦੇ ਦਿਨ ਨੂੰ ਇਤਿਹਾਸਿਕ ਸ਼ਹੀਦੀ ਦਿਵਸ ਵਜੋਂ ਮਨਾਉਂਦੇ ਰਹੇ ਹਨ।[7]

**ਹਵਾਲੇ**

[1]. ਡਾ. ਦਲਵਿੰਦਰ ਸਿੰਘ ਗ੍ਰੇਵਾਲ, **ਸਿੱਖ ਸ਼ਹੀਦੀ ਲਹਿਰਾਂ (ਭਾਗ-2)**, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005, ਪੰਨਾ-47.

[2]. ਹਰੀਸ਼ ਕੇ. ਪੁਰੀ, (ਅਨੁ. ਡਾ. ਨਰੇਸ਼) **ਗ਼ਦਰ ਅੰਦੋਲਨ ਸੰਖੇਪ ਇਤਿਹਾਸ**, ਨੈਸ਼ਨਲ ਬੁਕ ਟਰੱਸਟ ਇੰਡੀਆ, ਦਿੱਲੀ, 2014, ਪੰਨਾ-87.

[3]. ਰਾਜਵਿੰਦਰ ਸਿੰਘ ਰਾਹੀ, **ਕਾਮਾਗਾਟਾਮਾਰੂ ਦਾ ਅਸਲੀ ਸੱਚ,** ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ, 2016, ਪੰਨਾ-418.

[4]. **ਉਹੀ,** ਪੰਨਾ-421.

[5]. ਅਜਮੇਰ ਸਿੰਘ, **ਗ਼ਦਰੀ ਬਾਬੇ ਕੌਣ ਸਨ**, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2013, ਪੰਨਾ 265.

[6]. ਰਾਜਵਿੰਦਰ ਸਿੰਘ ਰਾਹੀ, **ਉਪਰੋਕਤ ਵਰਣਿਤ,** ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿਟਡ, ਚੰਡੀਗੜ੍ਹ, 2016, ਪੰਨਾ-424.

[7]. ਹਰੀਸ਼ ਕੇ. ਪੁਰੀ, (ਅਨੁ. ਡਾ. ਨਰੇਸ਼) **ਉਪਰੋਕਤ ਵਰਣਿਤ**, ਨੈਸ਼ਨਲ ਬੁਕ ਟਰੱਸਟ ਇੰਡੀਆ, ਦਿੱਲੀ, 2014, ਪੰਨਾ-91.